# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

## ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ,ਚੰਡੀਗੜ੍ਹ

ਟੈਲੀਫੋਨ ਨੰ: 0172-2624673, ਫੈਕਸ 2624687,ਈ-ਮੇਲ dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਸਮੂਹ ਪ੍ਰਿੰਸੀਪਲ ਡਾਇਟ ਪੰਜਾਬ
ਸਮੂਹ ਸਕੂਲ ਮੁੱਖੀ(ਵੈਬਸਾਇਟ ਰਾਹੀਂ)

ਮੀਮੋ ਨੰ: ਕੋਆਰਡੀਨੇਸ਼ਨ/2012/ 88177
ਮਿਤੀ,ਚੰਡੀਗੜ੍ਹ: 2 ਨਵੰਬਰ 2012

ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਵਰਦੀਆਂ ਅਤੇ ਅਧਿਆਪਕਾਂ ਵੱਲੋਂ ਸਾਦਾ ਪਹਿਰਾਵਾ ਪਹਿਨਣ ਸਬੰਧੀ ।

1.0 ਮਿਤੀ 27 ਅਕਤੂਬਰ 2012 ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਵੱਲੋਂ ਸਿੱਖਿਆ ਵਿਭਾਗ ਦੇ ਰਾਜ ਅਤੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਮੀਖਿਆ ਕੀਤੀ ਗਈ। ਇਸ ਸਮੀਖਿਆ ਕਰਦੇ ਸਮੇਂ ਇਹ ਸਾਹਮਣੇ ਆਇਆ ਕਿ ਅਧਿਆਪਕਾਂ ਦੀ ਸਮੁੱਚੀ ਸਖਸੀਅਤ ਦਾ ਪ੍ਰਭਾਵ ਵਿਦਿਆਰਥੀਆਂ ਤੇ ਪੈਣਾ ਹੁੰਦਾ ਹੈ। ਬਹੁ ਗਿਣਤੀ ਵਿੱਚ ਅਧਿਆਪਕ ਸਕੂਲਾਂ ਵਿੱਚ ਸਾਦਾ ਸਭਿਅਕ ਪਹਿਰਾਵਾ ਪਹਿਨ ਕੇ ਬੱਚਿਆਂ ਲਈ ਰੋਲ ਮਾਡਲ ਬਣਦੇ ਹਨ । ਵਿਭਾਗ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਇਹ ਗੱਲ ਧਿਆਨ ਵਿੱਚ ਲਿਆਂਦੀ ਹੈ ਕਿ ਕੁਝ ਅਧਿਆਪਕ ਬਹੁਤ ਹੀ ਭੜਕੀਲੇ ਪਹਿਰਾਵੇ ਵਿੱਚ ਸਕੂਲਾਂ ਵਿੱਚ ਪੜ੍ਹਾਉਣ ਲਈ ਆਉਂਦੇ ਹਨ, ਜਿਸ ਦਾ ਉਲਟਾ ਅਸਰ ਵਿਦਿਆਰਥੀਆਂ ਤੇ ਵੀ ਪੈਂਦਾ ਹੈ ਅਤੇ ਵਿਦਿਆਰਥੀ ਸਕੂਲ ਵਰਦੀਆਂ ਦੀ ਥਾਂ ਕਈ ਵਾਰ ਫੈਸ਼ਨ ਪ੍ਰਸਤੀ ਦੇ ਪਹਿਰਾਵੇ ਨੂੰ ਤਰਜ਼ੀਹ ਦੇਣ ਲੱਗ ਪੈਂਦੇ ਹਨ ।

2.0 ਉਕਤ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਆਪ ਜੀ ਨੂੰ ਲਿਖਿਆ ਜਾਵੇ ਕਿ ਸਕੂਲਾਂ ਵਿੱਚ ਕੋਈ ਵੀ ਅਧਿਆਪਕ ਅਜਿਹੇ ਪਹਿਰਾਵੇ ਵਿੱਚ ਨਾ ਆਵੇ ਜਿਹੜਾ ਗੈਰ ਸਭਿਅਕ ਹੋਵੇ ਜਾਂ ਜਿਸ ਦਾ ਸਕੂਲ ਦੇ ਵਿਦਿਆਰਥੀਆਂ ਤੇ ਉਲਟਾ ਪ੍ਰਭਾਵ ਪੈਂਦਾ ਹੋਵੇ। ਇਸ ਤਰ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਖਾਸ ਕਰਕੇ ਅਪਰ ਪ੍ਰਾਇਮਰੀ ਦੇ ਵਿਦਿਆਰਥੀਆਂ ਵੱਲੋਂ ਵਰਦੀਆਂ ਨਾ ਪਹਿਨ ਕੇ ਆਉਣ ਦੇ ਰੁਝਾਨ ਨੂੰ ਵੀ ਸਖਤੀ ਨਾਲ ਰੋਕਿਆ ਜਾਵੇ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਕੇਵਲ ਸਭਿਅਕ ਪਹਿਰਾਵਾ ਪਹਿਨਕੇ ਸਕੂਲਾਂ ਵਿੱਚ ਆਉਣ ਤਾਂ ਜੋ ਸਕੂਲਾਂ ਵਿੱਚ ਵਿਦਿਆ ਦਾ ਉਸਾਰੂ ਅਤੇ ਸਿਰਜਨਾਤਮਿਕ ਮਾਹੌਲ ਬਰਕਰਾਰ ਰੱਖਿਆ ਜਾ ਸਕੇ।

ਕਾਹਨ ਸਿੰਘ ਪੰਨੂੰ, ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

1. ਨਿੱਜੀ ਸਕੱਤਰ ਟੂ ਮਾਣਯੋਗ ਸਿੱਖਿਆ ਮੰਤਰੀ ਜੀ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ।
2. ਸਕੱਤਰ ਸਕੂਲ ਸਿੱਖਿਆ ਜੀ ਨੂੰ ਜਾਣਕਾਰੀ ਹਿੱਤ ।
3. ਡੀ.ਪੀ.ਆਈ(ਸੈ.ਸਿ) ਪੰਜਾਬ।
4. ਡੀ.ਪੀ.ਆਈ(ਐ.ਸਿ) ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।

ਕਾਹਨ ਸਿੰਘ ਪੰਨੂੰ, ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ